بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖੁਲਾਸਾਖ਼ੁਤਬਾਜੁਮਆ 31.03.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤਕਾਦੀਆਂ**

**ਸਾਨੂੰ ਹਰ ਸਮੇਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਇਹ ਫ਼ਰਮਾਨ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ ਕਿ ਜੋ ਆਪਣੇ ਲਈ ਚਾਹੁੰਦੇ ਹੋ ਉਹੋ ਆਪਣੇ ਭਾਈ ਲਈ ਚਾਹੋ । ਜੇਕਰ ਆਪਣੇ ਲਈ ਪਰਦਾ ਪੋਸ਼ੀ ਪਸੰਦ ਕਰਦੇ ਹੋ ਤਾਂ ਦੂਜਿਆਂ ਲਈ ਵੀ ਉਹੋ ਅਹਿਸਾਸ ਹੋਣੇ ਚਾਹੀਦੇ ਹਨ ਅਤੇ ਇਹੋ ਉਹ ਸੁਨਹਿਰੀ ਸਿਧੱਾਂਤ ਹੈ ਜੋ ਸਮਾਜ ਦੇ ਅਮਨ ਲਈ ਵੀ ਜ਼ਰੂਰੀ ਹੈ ।**

---------------------------------

**ਮੂੰਹ ਦੇ ਮਜ਼ੇ ਅਤੇ ਹਾਸੇ ਦਾ ਵਾਤਾਵਰਣ ਬਣਾਉਣ ਲਈ ਦੂਜਿਆਂ ਦੀਆਂ ਬੁਰਾਈਆਂ ਕਰਨੀਆਂ ਅਤਿਅੰਤ ਵਡੱਾ ਪਾਪ ਹੈ ਜਿਸ ਤੋਂ ਹਰ ਅਹਮਦੀ ਨੂੰ ਬਚਣਾ ਚਾਹੀਦਾ ਹੈ ।**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 31 ਮਾਰਚ 2017 ਈ. ਨੂੰ ਮਸਜਿਦ ਬੈਤੁਲਫ਼ਤੂਹ (ਲੰਦਨ) ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਦੁਨੀਆ ਵਿੱਚ ਕੋਈ ਮਨੁੱਖ ਨਹੀਂ ਜੋ ਹਰ ਇਕ ਐਬ ਦੇ ਪੱਖੋਂ ਪਾਕ ਹੋਵੇ । ਰੱਬ ਦੀ ਇਕ ਸਿਫ਼ਤ ‘ਸਤੱਾਰ’ (ਪਰਦਾ ਪੋਸ਼ੀ ਕਰਨ ਵਾਲਾ) ਹੈ, ਜੋ ਸਾਡੀ ਪਰਦਾਪੋਸ਼ੀ ਕਰਦੀ ਹੈ । ਜੇਕਰ ਮਨੁੱਖ ਦੀ ਗ਼ਲਤੀਆਂ ਦੀ, ਕੁਤਾਹੀਆਂ ਦੀ ਅਤੇ ਪਾਪਾਂ ਦੀ ਪਰਦਾਦਰੀ ਹੋਣ ਲੱਗੇ (ਝੱਟ ਪੱਟ ਦੋਸ਼ ਸਾਹਮਣੇ ਆਉਣ ਲਗੱਣ) ਤਾਂ ਕਿਸੇ ਨੂੰ ਮੂੰਹ ਦਿਖਾਉਣ ਯੋਗ ਨ ਰਹੇ । ਰੱਬ ਜੋ ਕਿ ਐਬਾਂ ਨੂੰ ਢਕੱਣ ਵਾਲਾ ਹੈ ਅਤੇ ਪਾਪਾਂ ਨੂੰ ਬਖ਼ਸ਼ਣ ਵਾਲਾ ਹੈ ਉਸ ਨੇ ਸਾਡੇ ਉਪੱਰ ਉਪਕਾਰ ਕਰਦਿਆਂ ਹੋਵਇਆਂ ਸਾਨੂੰ ‘ਅਸਤਗ਼ਫਾਰ’ (ਖਿਮਾ ਯਾਚਨਾ) ਕਰਨ

ਦੀ ਦੁਆ ਸਿਖਾਈ ਕਿ ਜਿੱਥੇ ਤੁਸੀਂ ਆਪਣੀਆਂ ਗ਼ਲਤੀਆਂ ਤੇ ਕੁਤਾਹੀਆਂ ਤੋਂ ਬਚਣ ਦਾ ਜਤਨ ਕਰੋ ਓਥੇ 'ਅਸਤਗ਼ਫ਼ਾਰ' ਵੀ ਕਰਿਆ ਕਰੋ । ਮੈਂ ਤੁਹਾਡੇ ਪਾਪਾਂ ਨੂੰ ਵੀ ਮੁਆਫ਼ ਕਰਾਂਗਾ, ਤੁਹਾਡੀ ਪਰਦਾਪੋਸ਼ੀ ਵੀ ਕਰਾਂਗਾ, ਤੁਹਾਡੀਆਂ ਦੁਆਵਾਂ ਵੀ ਕੁਬੂਲ ਕਰਾਂ ਗਾ । ਸਾਧਾਰਣ ਪਰਦਾਪੋਸ਼ੀ ਤਾਂ ਹਰ ਇਕ ਦੀ ਬਹੁਤ ਸਾਰੀਆਂ ਗੱਲਾਂ ਦੀ ਰੱਬ ਕਰਦਾ ਹੀ ਹੈ । ਰੱਬ ਦੀ ਖਿਮਾ ਵਿਸ਼ੇਸ਼ ਰੂਪ ਵਿੱਚ ਉਹਨਾਂ ਲੋਕਾਂ ਨੂੰ ਵੀ ਆਪਣੀ ਚਾਦਰ ਵਿੱਚ ਲਪੇਟ ਲੈਂਦੀ ਹੈ ਜੋ 'ਅਸਤਗ਼ਫ਼ਾਰ' (ਰੱਬ ਤੋਂ ਖਿਮਾ ਯਾਚਨਾ) ਕਰਨ ਵਾਲੇ ਹਨ । 'ਗ਼ਫ਼ਰ' (ਖਿਮਾ) ਦਾ ਅਰਥ ਵੀ ਲੁਕਾਉਣਾ ਤੇ ਢਕੱਣਾ ਹੁੰਦਾ ਹੈ ਅਤੇ ਇਹੋ ਅਰਥ ਨੇੜੇ ਤੇੜੇ ਸ਼ਬਦ 'ਸਤਰ' ਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ ਇਸਲਾਮ ਨੇ ਜੋ 'ਰੱਬ' ਪੇਸ਼ ਕੀਤਾ ਹੈ ਅਤੇ ਮੁਸਲਮਾਨਾਂ ਨੇ ਜਿਸ ਨੂੰ 'ਖ਼ੁਦਾ' ਮੰਨ੍ਹਿਆ ਹੈ ਉਹ ਮਿਹਰਬਾਨ, ਰਹੀਮ, ਕਰੀਮ, ਤੌਬਾ ਪਰਵਨ ਕਰਨ ਵਾਲਾ ਤੇ ਬਖ਼ਸ਼ਣ ਵਾਲਾ ਹੈ । ਜੋ ਮਨੁੱਖ  ਸੱਚੀ ਤੌਬਾ ਕਰਦਾ ਹੈ ਰੱਬ ਉਸ ਦੀ ਤੌਬਾ ਕੁਬੂਲ ਕਰਦਾ ਹੈ ਅਤੇ ਉਸ ਦੇ ਪਾਪ ਬਖ਼ਸ਼ ਦਿੰਦਾ ਹੈ । ਪਰ, ਦੁਨੀਆ ਵਾਲੇ, ਜੇਕਰ ਕੋਈ ਮਨੁੱਖ ਪਾਪ ਤੇ ਕਿਸੇ ਐਬ ਨੂੰ ਛੱਡ ਵੀ ਦੇਵੇ, ਤਾਂ ਵੀ ਉਸ ਨੂੰ ਐਬੀ ਤੇ ਸੰਦੇਹ ਦੀ ਦ੍ਰਿਸ਼ਟੀ ਨਾਲ ਦੇਖਣ ਵਾਲੇ ਹਨ, ਪਰ ਰੱਬ ਕਿੰਨ੍ਹਾ ਮਹਿਰਬਾਨ ਹੈ ਕਿ ਮਨੁੱਖ ਹਜ਼ਾਰਾਂ ਹੀ ਪਾਪ ਕਰਕੇ ਵੀ ਉਸ ਵੱਲ ਝੁਕੱਦਾ ਹੈ ਤਾਂ ਬਖ਼ਸ਼ ਦਿੰਦਾ ਹੈ । ਫ਼ਰਮਾਇਆ, ਦੁਨੀਆ ਵਿੱਚ ਕੋਈ ਮਨੁੱਖ ਅਜਿਹਾ ਨਹੀਂ ਹੈ । ਜੋ ਐਨ੍ਹੀ ਪਰਦਾਪੋਸ਼ੀ ਕਰੇ, ਜਿੰਨ੍ਹੀ ਰੱਬ ਕਰਦਾ ਹੈ, ਸਿਵਾਏ ਨਬੀਆਂ ਦੇ । ਰੱਬ ਦੇ ਬਾਦ ਨਬੀ (ਅਵਤਾਰ) ਹਨ ਜੋ ਐਨ੍ਹਾ ਕਰ ਸਕਦੇ ਹਨ ਅਤੇ ਇਸ ਤੋਂ ਬਿਨਾ ਹੋਰ ਕੋਈ ਨਹੀਂ ਕਰਦਾ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਰੱਬ ਦੀ ਸਤੱਾਰੀ (ਪਰਦਾਪੋਸ਼ੀ) ਅਜਿਹੀ ਹੈ ਕਿ ਉਹ ਮਨੁੱਖ ਦੇ ਪਾਪ ਤੇ ਕੁਤਾਹੀਆਂ ਨੂੰ ਦੇਖਦਾ ਹੈ ਪਰ ਆਪਣੀ ਇਸ ਸਿਫ਼ਤ ਕਰਕੇ ਉਸ ਦੀਆਂ ਖਤਾਵਾਂ (ਬੁਰਾਈਆਂ) ਨੂੰ ਉਸ ਸਮੇਂ ਤੱਕ ਜੱਦ ਤੱਕ ਉਹ ਸੰਤੁਲਨ ਦੀ ਹੱਦ ਤੋਂ ਨ ਲੰਘ ਜਾਵੇ ਢਕਦਾ ਰਹਿੰਦਾ ਹੈ, ਪਰ ਮਨੁੱਖ ਕਿਸੇ ਦੂਜੇ ਦੀ ਗ਼ਲਤੀ ਦੇਖਦਾ ਵੀ ਨਹੀਂ ਅਤੇ ਸ਼ੋਰ ਮਚਾਉਂਦਾ ਹੈ । ਆਪ ਫ਼ਰਮਾਉਂਦੇ ਹਨ : ਰਤਾ ਗ਼ੌਰ ਕਰੋ ਕਿ ਇਸ ਕ੍ਰਿਪਾ ਤੇ ਮਿਹਰ ਵਿੱਚ ਕਿੰਨ੍ਹੀ ਮਹਾਨਤਾ ਦਾ ਗੁਣ ਹੈ । ਫ਼ਰਮਾਇਆ ਜੇਕਰ ਰੱਬ ਪਾਪਾਂ ਦੀ ਫ਼ੜ ਕਰਨ ਤੇ ਆ ਜਾਏ ਤਾਂ ਸਾਰਿਆਂ ਨੂੰ ਤਬਾਹ ਕਰ ਦੇਵੇ, ਪਰ ਉਸ ਦੀ ਮਿਹਰ ਅਤੇ ਕ੍ਰਿਪਾ ਬਹੁਤ ਵਿਸ਼ਾਲ ਹੈ ਅਤੇ ਉਸ ਦੇ ਗੁੱਸੇ'ਤੇ ਬਤ੍ਰਤ ਰਖੱਦੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜੇਕਰ ਅਸੀਂ ਇਸ ਗੱਲ ਨੂੰ ਸਮਝ ਲਈਏ ਅਤੇ ਆਪਣੇ ਸਾਥੀਆਂ, ਆਪਣੇ ਭਰਾਵਾਂ, ਆਪਣੇ ਨਾਲ ਸੰਬੰਧ ਰਖੱਣ ਵਾਲਿਆਂ ਦੇ ਮਾਮਲਿਆਂ ਵਿੱਚ ਹਰ ਸਮੇਂ ਟੋਹ ਨ ਲਾਉਂਦਿਆਂ ਫਿਰੀਏ, ਖੋਜ ਨ ਕਰੀਏ, ਉਹਨਾ ਦੀਆਂ ਕਮਜ਼ੋਰੀਆਂ ਨੂੰ ਲਭੱਦੇ ਨ ਫਿਰੀਏ ਤਾਂ ਇਕ ਪਿਆਰ ਤੇ ਸਨੇਹ ਕਰਨ ਵਾਲਾ, ਸ਼ਾਂਤੀ ਭਰਪੂਰ ਵਾਤਾਵਰਣ ਤੇ ਸਮਾਜ ਸਥਾਪਤ ਹੋ ਸਕਦਾ ਹੈ । ਸਾਡੇ ਵਿੱਚੋਂ ਅਨੇਕਾਂ ਅਜਿਹੇ ਹਨ ਜੋ ਪਰਦਾ ਪੋਸ਼ੀ ਦੀ ਥਾਂ ਦੂਜਿਆਂ ਦੇ ਐਬ ਪ੍ਰਕਟ ਕਰਨ ਦੇ ਜਤਨਾਂ ਵਿੱਚ ਹੁੰਦੇ ਹਨ ਅਤੇ ਜੱਦ ਉਹਨਾਂ ਦੇ ਆਪਣੇ ਬਾਰੇ ਕੋਈ ਗੱਲ ਕਰ ਦੇਵੇ ਜਾਂ ਕਿਸੇ ਰਾਹੀਂ ਉਹਨਾਂ ਨੂੰ ਪਤਾ ਲੱਗ ਜਾਏ ਕਿ ਫਲਾਣੇ ਨੇ ਮੇਰੇ ਬਾਰੇ ਇਸ ਪ੍ਰਕਾਰ ਗੱਲ ਕੀਤੀ ਸੀ ਤਾਂ ਗੁੱਸੇ ਨਾਲ ਲਾਲ ਹੋ ਜਾਂਦੇ ਹਨ । ਅਤਿਅੰਤ ਗੁੱਸੇ ਵਿੱਚ ਆਣਕੇ ਮਰਨ ਮਾਰਨ ਤੇ

ਉਤਾਰੂ ਹੋ ਜਾਂਦੇ ਹਨ । ਸਾਨੂੰ ਹਰ ਸਮੇਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਇਹ ਫ਼ਰਮਾਨ ਆਪਨੇ ਸਾਹਮਣੇ ਰਖੱਣਾ ਚਾਹੀਦਾ ਹੈ ਕਿ ਜੋ ਆਪਨੇ ਲਈ ਚਾਹੁੰਦੇ ਹੋ ਉਹੋ ਆਪਨੇ ਭਾਈ ਲਈ ਚਾਹੋ । ਸੋ, ਜੇਕਰ ਆਪਨੇ ਲਈ ਪਰਦਾ ਪੋਸ਼ੀ ਪਸੰਦ ਕਰਦੇ ਹੋ ਤਾਂ ਦੂਜਿਆਂ ਲਈ ਵੀ ਉਹੋ ਅਹਿਸਾਸ ਹੋਣੇ ਚਾਹੀਦੇ ਹਨ । ਅਤੇ ਇਹੋ ਉਹ ਸੁਨਹਿਰੀ ਸਿਧੱਾਂਤ ਹੈ ਜੋ ਸਮਾਜ ਦੀ ਸ਼ਾਂਤੀ ਲਈ ਵੀ ਜ਼ਰੂਰੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਐਬ ਦੇਖਕੇ ਉਸ ਐਬ ਨੂੰ ਫੈਲਾਉਣ ਦੀ ਥਾਂ ਇਸ ਨੂੰ ਅਸਤਗ਼ਫ਼ਾਰ ਕਰਨਾ ਚਾਹੀਦਾ ਹੈ । ਰੱਬ ਬੇ ਨਿਆਜ਼ ਹੈ ਅਤੇ ਇਸ ਗੱਲ ਤੋਂ ਡਰਨਾ ਚਾਹੀਦਾ ਹੈ ਕਿ ਸਾਡੇ ਅੰਦਰ ਵੀ ਬੇਸ਼ੁਮਾਰ ਐਬ ਹਨ, ਉਹ ਕਿਤੇ ਪ੍ਰਕਟ ਨ ਹੋ ਜਾਣ । ਜੇਕਰ ਨੇਕ ਨੀਯਤ ਨਾਲ ਮਨੁੱਖ ਦੂਜਿਆਂ ਦੇ ਐਬਾਂ ਦੀ ਪਰਦਾਪੋਸ਼ੀ ਕਰੇ ਤਾਂ ਰੱਬ ਦੀਆਂ ਮਿਹਰਾਂ ਨੂੰ ਹਾਸਲ ਕਰਨ ਵਾਲਾ ਬਣਦਾ ਹੈ । ਹਜ਼ਰਤ ਮਸੀਹ ਮੌਊਦ ਦੀ ਗੱਲ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਜੇਕਰ ਰੱਬ ਪਾਪਾਂ ਦੀ ਪਕੜ ਕਰਨ'ਤੇ ਆ ਜਾਏ, ਹਿਸਾਬ ਕਿਤਾਬ ਲੈਂਣ ਲੱਗੇ ਤਾਂ ਸਾਰਿਆਂ ਨੂੰ ਤਬਾਹ ਕਰ ਦੇਵੇ । ਸੋ, ਬਹੁਤ ਹੀ ਖ਼ੌਫ਼ ਦਾ ਅਸਥਾਨ ਹੈ ਅਤੇ ਹਰ ਸਮੇਂ ਅਸਤਗ਼ਫ਼ਾਰ ਕਰਦੇ ਰਹਿਣ ਵੱਲ ਧਿਆਨ ਦੀ ਲੋੜ ਹੈ । ਹਰਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਕ ਮੌਕੇ'ਤੇ ਫ਼ਰਮਾਇਆ ਕਿ ਜਿਸ ਨੇ ਆਪਨੇ ਭਾਈ ਦੇ ਕਿਸੇ ਐਬ ਦੀ ਪਰਦਾ ਪੋਸ਼ੀ ਕੀਤੀ ਰੱਬ ਕਿਯਾਮਤ ਦੇ ਦਿਨ ਉਸ ਦੇ ਐਬਾ ਨੂੰ ਢੱਕ ਦੇਵੇਗਾ, ਉਸ ਦੀ ਪਰਦਾਪੋਸ਼ੀ ਕਰੇਗਾ ਅਤੇ 'ਸਤੱਾਰੀ' ਫ਼ਰਮਾਏਗਾ । ਅਤੇ ਜੋ ਕਿਸੇ ਆਪਨੇ ਮੁਸਲਮਾਨ ਭਾਈ ਦੀ ਪਰਦਾਦਰੀ (ਐਬਾ ਨੂੰ ਉਛਾਲਦਾ) ਕਰਦਾ ਹੈ ਉਹਨਾਂ ਦੀ ਬੁਰਾਈਆਂ ਕਰਦਾ ਹੈ, ਉਸ ਦੀ ਬੁਰਾਈ ਨੂੰ ਦੇਖਕੇ ਲੋਕਾਂ ਨੂੰ ਦਸੱਦਾ ਫਿਰਦਾ ਹੈ, ਰੱਬ ਉਸ ਦੇ ਐਬਾਂ ਤੇ ਨੰਗ ਨੂੰ ਉਸੇ ਪ੍ਰਕਾਰ ਪ੍ਰਕਟ ਕਰੇਗਾ ਕਿ ਉਸ ਦੇ ਘਰ ਵਿੱਚ ਉਸ ਨੂੰ ਰੁਸਵਾ (ਜ਼ਲੀਲ) ਕਰ ਦੇਵੇਗਾ । ਸੋ, ਇਹ ਬਹੁਤ ਵੱਡੀ ਚਿਤਾਵਨੀ ਹੈ ਖ਼ੌਫ਼ ਦਾ ਅਸਥਾਨ ਹੈ । ਰੱਬ ਦੀਆਂ ਮਿਹਰਾਂ ਨੂੰ ਜਜ਼ਬ ਕਰਨ ਲਈ ਹਮੇਸ਼ਾ ਦੂਜਿਆਂ ਦੇ ਐਬ ਦੇਖਣ ਦੀ ਥਾਂ ਆਪਨੇ ਉਪੱਰ ਨਜ਼ਰ ਰਖੱਣੀ ਚਾਹੀਦੀ ਹੈ ਫਿਰ ਹੀ ਅਸੀਂ ਰੱਬ ਦੇ ਰਹਿਮ ਤੇ ਮਿਹਰ ਨੂੰ ਜਜ਼ਬ ਕਰ ਸਕਦੇ ਹਨ । ਲੋਕ ਕਹਿ ਦਿੰਦੇ ਹਨ ਕਿ ਜੇਕਰ ਅਸੀਂ ਕਿਸੇ ਦੀ ਬੁਰਾਈ ਪ੍ਰਕਟ ਨਹੀਂ ਕਰਾਂਗੇ ਤਾਂ ਸੁਧਾਰ ਕਿਵੇਂ ਹੋਵੇਗਾ । ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਜੇਕਰ ਕਿਸੇ ਦੀ ਕੋਈ ਬੁਰਾਈ ਜਮਾਤ ਦੀ ਵਿਵਸਥਾ ਨੂੰ ਹਾਨੀ ਪਹੁੰਚਾਉਣ ਦਾ ਸਾਧਨ ਬਣ ਰਹੀ ਹੈ ਜਾਂ ਸਮਾਜ ਦੇ ਇਕ ਭਾਗ ਨੂੰ ਆਪਣੀ ਲਪੇਟ ਵਿੱਚ ਲੈਕੇ ਖ਼ਰਾਬ ਕਰ ਰਹੀ ਹੈ ਤਾਂ ਫਿਰ ਸੁਧਾਰ ਲਈ ਜੋ ਲੋਕ ਨਿਰਧਾਰਤ ਹਨ ਅਮੀਰ ਜਮਾਤ ਹੈ ਜਮਾਤ ਦੇ ਅੰਦਰ ਸਦਰ ਜਮਾਤ ਹੈ ਉਹਨਾਂ ਤੱਕ ਗੱਲ ਪਹੁੰਚਾਉਣ ਜਾਂ ਮੈਂਨੂੰ ਲਿੱਖ ਦੇਣ ਤਾਂ ਜੋ ਸੁਧਾਰ ਵੱਲ ਧਿਆਨ ਹੋਵੇ । ਪਰ ਕਿਸੇ ਦੀ ਬੁਰਾਈ ਦੇਖਕੇ ਉਸ ਨੂੰ ਫੈਲਾਉਣਾ ਹਰ ਅਵਸਥਾ ਵਿੱਚ ਮਨਾ ਹੈ ਕਿਉਂਕਿ ਇਸ ਨਾਲ ਬੁਰਾਈਆਂ ਖ਼ਤਮ ਹੋਣ ਦੀ ਥਾਂ ਫੈਲਦੀਆਂ ਹਨ । ਇਸ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਫ਼ਰਮਾਨ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੇਕਰ ਤੂੰ ਲੋਕਾਂ ਦੀਆਂ ਕਮਜ਼ੋਰੀਆਂ ਪਿੱਛੇ ਪਏਂਗਾ ਤਾਂ ਉਹਨਾਂ ਨੂੰ ਵਿਗਾੜ ਦੇਂਵੇਂਗਾ ਕਮਜ਼ੋਰੀਆਂ ਦੇ ਪਿੱਛੇ ਪੈਣ ਦਾ ਅਰਥ ਇਹ ਹੈ ਕਿ ਉਹਨਾਂ ਨੂੰ ਥਾਂ ਥਾਂ ਵਰਨਣ ਕਰਨਾ । ਖੋਜ ਲਾਕੇ ਉਹਨਾਂ ਦੀਆਂ ਕਮਜ਼ੋਰੀਆਂ ਦੀ ਭਾਲ ਕਰਨੀ । ਜੇਕਰ ਇਸ ਪ੍ਰਕਾਰ ਕਰੇ ਤਾਂ ਉਹਨਾਂ ਲੋਕਾਂ ਨੂੰ ਵਿਗਾੜੇਗਾ ਅਤੇ ਸਮਾਜ ਦੇ ਅਮਨ ਨੂੰ ਨੂੰ ਖ਼ਰਾਬ ਕਰੇਗਾ ਅਤੇ ਫਿਰ ਥਾਂ ਥਾਂ ਲੋਕਾਂ ਵਿੱਚ ਇਹ ਗੱਲਾਂ ਬਿਆਨ ਕੀਤੀਆਂ ਜਾਣ

ਤਾਂ ਫਿਰ ਇਹ ਗੱਲਾਂ ਅਜਿਹੇ ਲੋਕਾਂ ਵਿੱਚ ਜਿੰਨ੍ਹਾਂ ਵਿੱਚ ਇਹ ਬੁਰਾਈਆਂ ਹਨ ਸੁਧਾਰ ਦੀ ਥਾਂ ਹੱਠ ਪੈਦਾ ਹੁੰਦਾ ਹੈ ਅਤੇ ਫਿਰ ਹੱਠ ਕਰਕੇ ਉਹ ਦੂਜਿਆਂ ਨੂੰ ਵੀ ਆਪਣੇ ਜਿਹਾ ਬਨਾਉਣ ਦੇ ਜਤਨ ਕਰਦੇ ਹਨ । ਆਪਣੇ ਸਰਕਲ ਨੂੰ ਫੈਲਾਉਂਦੇ ਜਾਂਦੇ ਹਨ । ਹਜਾਬ (ਸ਼ਰਮ) ਖ਼ਤਮ ਹੋ ਜਾਂਦਾ ਹੈ ਅਤੇ ਜੱਦ ਹਜਾਬ ਖ਼ਤਮ ਹੋ ਜਾਵੇ ਤਾਂ ਸੁਧਾਰ ਦਾ ਪਹਿਲੂ ਵੀ ਮੁੱਕ ਜਾਂਦਾ ਹੈ ।

ਸੋ, ਮੈਂ ਏਥੇ ਉਹਨਾਂ ਲੋਕਾਂ ਨੂੰ ਵੀ ਧਿਆਨ ਦੁਆਉਣਾ ਚਾਹੁੰਦਾ ਹਾਂ ਜਿਨ੍ਹਾਂ ਦੇ ਸੁਪੁਰਦ ਜਮਾਤ ਦੇ ਕੰਮ ਵੀ ਹਨ ਵਿਸ਼ੇਸ਼ ਰੂਪ ਵਿੱਚ ਸੁਧਾਰ ਕਰਨ ਵਾਲੇ ਵਿਭਾਗ ਨੂੰ ਕਿ ਅਤਿਅੰਤ ਸਾਵਧਾਨੀ ਨਾਲ ਅਤੇ ਹਮਦਰਦੀ ਦੀ ਭਾਵਨਾ ਰੱਖਦਿਆਂ ਹੋਇਆਂ ਸੁਧਾਰ ਦਾ ਕੰਮ ਕਰਨ । ਕਦੇ ਵੀ ਕਿਸੇ ਵੀ ਵਿਅਕਤੀ ਨੂੰ ਇਹ ਅਹਿਸਾਸ ਨਹੀਂ ਹੋਣਾ ਚਾਹੀਦਾ ਕਿ ਮੇਰੀ ਕਮਜ਼ੋਰੀ ਦੀ ਫਲਾਣੇ ਉਹਦੇਦਾਰ ਕਰਕੇ ਪਰਦਾ ਦਰੀ ਹੋਈ, ਪ੍ਰਸਿੱਧੀ ਹੋਈ ਜਾਂ ਮੇਰੀ ਗੱਲ ਫੈਲੀ, ਲੋਕਾਂ ਨੂੰ ਪਤਾ ਲੱਗੀ । ਜੇਕਰ ਇਹ ਅਹਿਸਾਸ ਪੈਦਾ ਹੋ ਜਾਵੇ ਤਾਂ ਫਿਰ ਇਸ ਦੀ ਪ੍ਰਤੀਕ੍ਰਿਆ ਬਹੁਤ ਅਧਿਕ ਤੇ ਕਠੋਰ ਹੁੰਦੀ ਹੈ । ਅਜਿਹੇ ਉਹਦੇਦਾਰਾਂ ਨੂੰ ਰੱਬ ਫ਼ਰਮਾਏਗਾ ਮੈਂ ਤਾਂ ਤੁਹਾਨੂੰ ਜਮਾਤ ਦੀ ਸੇਵਾ ਦਾ ਮੌਕਾ ਦਿੱਤਾ ਸੀ, ਇਸ ਲਈ ਕਿ ਮੇਰੇ ਗੁਣਾ ਨੂੰ ਵੱਧ ਤੋਂ ਵੱਧ ਅਪਣਾਓ ਪਰ ਏਥੇ ਤਾਂ ਮੇਰੀ ਸਤੱਾਰੀ (ਪਰਦਾ ਪੋਸ਼ੀ) ਦੀ ਸਿਫ਼ਤ ਦੇ ਵਿਪਰੀਤ ਚਲੱਕੇ ਬੇਚੈਨੀਆਂ ਤੇ ਫ਼ਸਾਦ ਪੈਦਾ ਕਰਨ ਦਾ ਸਾਧਨ ਬਣ ਰਹੇ ਹੋ । ਰੱਬ ਸਤੱਾਰੀ ਨੂੰ ਕਿੰਨ੍ਹਾ ਪਸੰਦ ਕਰਦਾ ਹੈ ਅਤੇ ਸਤੱਾਰੀ ਕਰਨ ਵਾਲੇ ਨੂੰ ਕਿੰਨ੍ਹਾ ਨਵਾਜ਼ਦਾ ਹੈ ਇਸ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਕ ਮੌਕੇ ਫ਼ਰਮਾਇਆ ਕਿ ਮੁਸਲਮਾਨ ਮੁਸਲਮਾਨ ਦਾ ਭਾਈ ਹੈ ਉਹ ਉਸ'ਤੇ ਜ਼ੁਲਮ ਨਹੀਂ ਕਰਦਾ ਅਤੇ ਨ ਉਸ ਨੂੰ ਇਕਲੱਾ ਹੀ ਛਡੱਦਾ ਹੈ । ਜੋ ਮਨੁੱਖ ਆਪਣੇ ਭਾਈ ਦੀ ਲੋੜ ਪੂਰੀ ਕਰਨ ਵਿੱਚ ਲਗੱਾ ਰਹਿੰਦਾ ਹੈ ਰੱਬ ਉਸ ਦੀਆਂ ਲੋੜਾਂ ਪੂਰੀਆਂ ਕਰਦਾ ਹੈ ਅਤੇ ਜਿਸ ਨੇ ਕਿਸੇ ਮੁਸਲਮਾਨ ਦਾ ਦੁੱਖ ਦੂਰ ਕੀਤਾ ਰੱਬ ਕਯਾਮਤ ਦੇ ਦਿਨ ਉਸ ਦੀ ਇਕ ਮੁਸੀਬਤ ਘੱਟ ਕਰ ਦੇਵੇਗਾ ਅਤੇ ਜੋ ਕਿਸੇ ਮੁਸਲਮਾਨ ਦੀ ਸਤੱਾਰੀ ਕਰਦਾ ਹੈ ਰੱਬ ਕਯਾਮਤ ਦੇ ਦਿਨ ਉਸ ਦੀ ਸਤੱਾਰੀ ਫ਼ਰਮਾਏਗਾ ।

ਸੋ, ਉਸ ਮਿਹਰਬਾਨ ਤੇ ਕ੍ਰਿਪਾਨਿਧਾਨ ਰੱਬ ਦੇ ਰਹਿਮ ਤੇ ਕ੍ਰਿਪਾ ਨੂੰ ਧਾਰਣ ਕਰਨ ਲਈ ਸਤੱਾਰੀ ਅਤੇ ਪਰਦਾ ਪੋਸ਼ੀ ਅਤਿਅੰਤ ਜ਼ਰੂਰੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਮੌਕੇ ਫ਼ਰਮਾਉਂਦੇ ਹਨ : ਮਨੁੱਖ ਦੇ ਇਮਾਨ ਦਾ ਕਮਾਲ ਇਹੋ ਹੈ ਕਿ ਕਰਤਾ ਨਿਧਾਨ ਦੇ ਆਚਰਣ ਨਿਭਾਏ ਅਰਥਾਤ ਜੋ ਉੱਚ ਤੇ ਮਹਾਨ ਆਚਰਣ ਰੱਬ ਦੇ ਹਨ ਅਤੇ ਜੋ ਉਸ ਦੇ ਗੁਣ ਹਨ ਉਹਨਾਂ ਦੀ ਜਿੱਥੋਂ ਤੱਕ ਹੋ ਸਕੇ ਪੈਰ੍ਹਵੀ ਕਰੇ ਅਤੇ ਆਪਣੇ ਆਪ ਨੂੰ ਰੱਬ ਦੇ ਰੰਗਾ ਵਿੱਚ ਰੰਗੀਨ ਕਰੇ । ਉਧਾਰਣ ਲਈ ਰੱਬ ਵਿੱਚ 'ਅਫ਼ਵ' (ਦਰਗੁਜ਼ਰ, ਮੁਆਫ਼ ਕਰਨਾ) ਹੈ, ਮਨੁੱਖ ਵੀ ਅਫ਼ਵ ਕਰੇ । ਰੱਬ 'ਸਤੱਾਰ' (ਪਰਦਾਪੋਸ਼ੀ ਕਰਨ ਵਾਲਾ) ਹੈ ਮਨੁੱਖ ਨੂੰ ਵੀ ਸਤੱਾਰੀ ਦੇ ਗੁਣਾ ਵਿੱਚ ਭਾਗ ਲੈਂਣਾ ਚਾਹੀਦਾ ਹੈ । ਕੇਵਲ ਮੂੰਹ ਦੇ ਮਜ਼ੇ ਅਤੇ ਹਾਸੇ ਦੇ ਵਾਤਾਵਰਣ ਲਈ ਦੂਜਿਆਂ ਦੀਆਂ ਬੁਰਾਈਆਂ ਨੂੰ ਫੈਲਾਉਂਣਾ ਬਹੁਤ ਵਡੱਾ ਪਾਪ ਹੈ ਜਿਸ ਤੋਂ ਹਰ ਅਹਮਦੀ ਨੂੰ ਬਚਣਾ ਚਾਹੀਦਾ ਹੈ । ਹਾਂ ਕਿਸੇ ਦੀ ਕਮਜ਼ੋਰੀ ਨੂੰ ਦੇਖਕੇ ਸੱਚੀ ਹਮਦਰਦੀ ਦਾ ਇਹ ਤਕਾਦਾ ਹੈ ਕਿ ਉਸ ਦੇ ਸੁਧਾਰ ਦਾ ਜਤਨ ਕੀਤਾ ਜਾਵੇ ਤਾਂ ਜੋ ਉਹ ਬੁਰਾਈ ਜਾਂ ਕਮਜ਼ੋਰੀ ਉਸ ਵਿਅਕਤੀ ਵਿੱਚੋਂ ਖ਼ਤਮ ਹੋ ਜਾਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਓਂਹੁਦੇ ਹਨ : ਚਾਹੀਦਾ ਹੈ ਕਿ ਜਿਸ ਨੂੰ ਕਮਜ਼ੋਰ ਦੇਖੇ ਉਸ ਨੂੰ ਗੁਪਤ ਨਸੀਹਤ ਕਰੇ ।

ਖ਼ਮੋਸ਼ੀ ਨਾਲ ਵੱਖਰਿਆਂ ਹੋਕੇ ਉਸ ਨੂੰ ਨਸੀਹਤ ਕਰੋ ਜੇਕਰ ਉਹ ਨ ਮੰਨੇ ਤਾਂ ਉਸ ਲਈ ਦੁਆ ਕਰੋ । ਦੁਆ ਵਿੱਚ ਬਹੁਤ ਪ੍ਰਭਾਵ ਹੈ । ਉਹ ਮਨੁੱਖ ਬਹੁਤ ਹੀ ਖੇਦ ਯੋਗ ਹੈ ਜੋ ਕਿ ਕਿਸੇ ਦੇ ਐਬ ਨੂੰ ਤਾਂ ਸੌ ਵਾਰ ਵਰਨਣ ਕਰਦਾ ਹੈ ਪਰ ਦੁਆ ਇਕ ਵਾਰ ਵੀ ਨਹੀਂ ਕਰਦਾ । ਕਿਸੇ ਦਾ ਐਬ ਉਸ ਸਮੇਂ ਵਰਨ ਕਰਨਾ ਚਾਹੀਦਾ ਹੈ ਜੱਦ ਪਹਿਲਾਂ ਘੱਟੋ ਘੱਟ 40 ਦਿਨ ਉਸ ਲਈ ਰੋ ਰੋਕੇ ਦੁਆ ਕੀਤੀ ਹੋਵੇ । ਸਾਡਾ ਇਹ ਅਰਥ ਨਹੀਂ ਕਿ ਐਬ ਦੇ ਹਾਮੀ ਬਣੋ ਸਗੋਂ ਇਹ ਹੈ ਕਿ ਉਸ ਦੀ ਪ੍ਰਸਿੱਧੀ ਅਤੇ ਗ਼ੀਬਤ ਨ ਕਰੋ । ਉਸ ਐਬ ਨੂੰ ਦੇਖਕੇ ਫੈਲਾਓ ਨਹੀਂ । ਨ ਲੋਕਾਂ ਦੇ ਸਾਹਮਣੇ ਦੱਸੋ ਨ ਪਿੱਛੇ ਦੱਸੋ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਸਿਲਸਿਲਾ ਚੱਲ ਨਹੀਂ ਸਕਦਾ ਜੱਦ ਤੱਕ ਆਪੋ ਵਿੱਚ ਰਹਿਮ, ਕ੍ਰਿਪਾ, ਸਤੱਾਰੀ ਤੇ ਦੁਆ ਨ ਹੋਵੇ । ਆਪ ਅਲੈਹਿ ਸਲਾਮ ਸਾਨੂੰ ਕੀ ਦੇਖਣਾ ਚਾਹੁੰਦੇ ਹਨ ਇਹੋ ਕਿ ਅਸੀਂ ਆਪੋ ਵਿੱਚ ਇਕ ਦੂਜੇ ਲਈ ਰਹਿਮ ਪੈਦਾ ਕਰੀਏ । ਇਸ ਦੂਜੇ ਲਈ ਦੁਆ ਕਰਨ ਵਾਲੇ ਹੋਈਏ, ਇਕ ਦੂਜੇ ਦੀ ਸਤੱਾਰੀ ਕਰਨ ਵਾਲੇ ਹੋਈਏ । ਇਸ ਮੌਕੇ ਆਪ ਨੇ ਫ਼ਰਮਾਇਆ ਕਿ ਸਾਡੀ ਜਮਾਤ ਨੂੰ ਚਾਹੀਦਾ ਹੈ ਕਿ ਕਿਸੇ ਭਾਈ ਦਾ ਐਬ ਦੇਖਕੇ ਉਸ ਲਈ ਦੁਆ ਕਰੇ, ਪਰ ਜੇਕਰ ਉਹ ਦੁਆ ਨਹੀਂ ਕਰਦੇ ਅਤੇ ਉਸ ਨੂੰ ਵਰਨਣ ਕਰਕੇ ਕੜੀ ਨੂੰ ਚਲਾਉਂਦੇ ਹਨ ਤਾਂ ਪਾਪ ਕਰਦੇ ਹਨ । ਫ਼ਰਮਾਇਆ ਕਿ ਕਿਹੜਾ ਐਬ ਹੈ ਜੋ ਦੂਰ ਨਹੀਂ ਹੋ ਸਕਦਾ, ਉਸ ਲਈ ਹਮੇਸ਼ਾ ਦੁਆ ਰਾਹੀਂ ਦੂਜੇ ਭਾਈ ਦੀ ਮਦਦ ਕਰਨੀ ਚਾਹੀਦੀ ਹੈ ਅਤੇ ਜੱਦ ਅਸੀਂ ਇਸ ਪ੍ਰਕਾਰ ਦੂਜਿਆਂ ਦੀ ਮਦਦ ਕਰਾਂਗੇ ਅਤੇ ਇਕ ਦੂਜੇ ਦੇ ਐਬ ਕਢੱਣ ਅਤੇ ਦੂਜਿਆਂ ਦੀ ਪਰਦਾਦਰੀ (ਐਬ ਫੈਲਾਉਣਾ) ਕਰਨ ਦੀ ਥਾਂ ਇਕ ਦੂਜੇ ਲਈ ਦੁਆ ਕਰ ਰਹੇ ਹੋਵਾਂਗੇ ਤਾਂ ਅਸੀਂ ਵਾਸਤਵ ਵਿੱਚ ਹਕੀਕੀ ਜਮਾਤ ਬਣ ਸਕਦੇ ਹਨ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਬਨਾਉਂਣਾ ਚਾਹੁੰਦੇ ਹਨ । ਅਤੇ ਇਹੋ ਇਕ ਹਕੀਕੀ ਮੁਸਲਮਾਨ ਦੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਫ਼ਰਮਾਨ ਅਨੁਸਾਰ ਹਾਲਤ ਹੋਣੀ ਚਾਹੀਦੀ ਹੈ ਅਤੇ ਇਹੋ ਹਾਲਤ ਸਾਡੀ ਬਖਸ਼ਿਸ਼ ਅਤੇ ਮਗ਼ਫ਼ਰਤ ਤੇ ਸਤੱਾਰੀ ਦਾ ਸਾਧਨ ਵੀ ਬਣਦੀ ਹੈ ।

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਰੱਬ ਦੀ ਕ੍ਰਿਪਾਲਤਾ ਵਿੱਚ ਆਉਣ ਅਤੇ ਉਸ ਦੀਆਂ ਮਿਹਰਾਂ ਨੂੰ ਪਾਉਣ ਲਈ ਇਕ ਦੁਆ ਵੀ ਸਿਖਾਈ ਹੈ ਜਿਸ ਨੂੰ ਸਾਨੂੰ ਕਰਦੇ ਰਹਿਣਾ ਚਾਹੀਦਾ ਹੈ । ਦੁਆ ਇਹ ਹੈ : ਹੇ, ਅਲੱਾਹ ! ਮੈਂ ਤੇਥੋਂ ਦੁਨੀਆ ਤੇ ਆਖ਼ਰਤ ਵਿੱਚ ਕ੍ਰਿਪਾਲਤਾ ਦਾ ਜਾਚਕ ਹਾਂ । ਮੌਲਾ ! ਮੈਂ, ਤੇਥੋਂ ਦੀਨ ਤੇ ਦੁਨੀਆ ਦੇ ਮਾਲ ਅਤੇ ਘਰ ਬਾਰ ਵਿੱਚ ਦਰਗੁਜ਼ਰ ਤੇ ਕ੍ਰਿਪਾਲਤਾ ਦਾ ਜਾਚਕ ਹਾਂ । ਹੇ, ਅਲੱਾਹ ! ਮੇਰੀਆਂ ਕਮਜ਼ੋਰੀਆਂ ਢੱਕ ਦੇ ਅਤੇ ਮੈਂਨੂੰ ਮੇਰੇ ਡਰ ਤੋਂ ਸ਼ਾਂਤੀ ਪ੍ਰਦਾਨ ਕਰ । ਹੇ, ਅਲੱਾਹ ! ਅੱਗੇ ਪਿੱਛੇ ਸੱਜੇ ਖੱਬੇ ਅਤੇ ਉਪੱਰ ਆਪ ਮੇਰਾ ਸਹਾਈ ਹੋਵੀਂ ਤੇ ਮੇਰੀ ਸੁਰੱਖਿਆ ਕਰ । ਅਤੇ ਮੈਂ ਤੇਰੀ ਵੱਡਿਆਈ ਦੀ ਪਨਾਹ ਚਾਹੁੰਦਾ ਹਾਂ ਕਿ ਮੈਂ ਹੇਠੋਂ ਕਿਸੇ ਗੁਪਤ ਮੁਸੀਬਤ ਦਾ ਸ਼ਿਕਾਰ ਹੋਵਾਂ ।

ਸੋ, ਜੱਦ ਇਹ ਦੁਆ ਅਸੀਂ ਆਪਣੇ ਲਈ ਕਰੀਏ ਤਾਂ ਦੂਜਿਆਂ ਲਈ ਵੀ ਅਜਿਹੀ ਭਾਵਨਾ ਰਖੱਣ ਵਾਲੇ ਹੋਈਏ ਅਤੇ ਜੱਦ ਇਸ ਹਾਲਤ ਹੋ ਜਾਵੇ ਤਾਂ ਅਲੱਾਹ ਤਆਲਾ ਫਿ ਦੁਆਵਾ ਕੁਬੂਲ ਵੀ ਕਰਦਾ ਹੈ । ਰੱਬ ਕਰੇ ਅਸੀਂ ਉਸ ਦੀ ਰਜ਼ਾ ਨੂੰ ਹਾਸਲ ਕਰਨ ਵਾਲੇ ਹੋਈਏ ।

ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਨਮਾਜ਼ ਦੇ ਬਾਦ ਇਕ ਜਨਾਜ਼ਾਹ ਗ਼ੈਬ ਵੀ ਪੜ੍ਹਾਵਾਂਗਾ ਜੋ ਮੁਕਰੱਮ ਮਲਕ ਸਲੀਮ ਲਤੀਫ਼ ਸਾਹਬ ਐਡਵੋਕੇਟ ਸਦਰ ਜਮਾਤ ਨਨਕਾਨਾ ਸਾਹਬ ਪਾਕਿਸਤਾਨ ਦਾ ਹੈ । ਇਹ ਮੁਕਰੱਮ ਮਲਕ ਮੁਹਮੱਦ ਸ਼ਫ਼ੀ ਸਾਹਬ ਦੇ ਪੁਤੱਰ ਸਨ । 70 ਸਾਲ ਇਹਨਾਂ ਦੀ ਉਮਰ ਸੀ । 30 ਮਾਰਚ 2017 ਈ. ਨੂੰ ਲਗਭਗ ਸਵੇਰੇ 9 ਵਜੇ ਆਪਣੇ ਪੁਤੱਰ ਨਾਲ ਘਰੋਂ ਕਚਿਹਰੀ ਜਾਂਦਿਆਂ ਹੋਇਆਂ ਰਸਤੇ ਵਿੱਚ ਇਕ ਪਿਛੱਾ ਕਰਨ ਵਾਲੇ ਨੇ ਫ਼ਾਇਰਿੰਗ ਕਰਕੇ ਇਹਨਾਂ ਨੂੰ ਸ਼ਹੀਦ ਕਰ ਦਿਤੱਾ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ ( اناللہوانااالیہراجعون) । ਹਜ਼ੂਰ ਅਨਵਰ ਨੇ ਸ਼ਹੀਦ ਮਰਹੂਮ ਦੇ ਸਦਗੁਣਾ ਤੇ ਸੇਵਾਵਾਂ ਦਾ ਵਰਨਣ ਕੀਤਾ ਅਤੇ ਫ਼ਰਮਾਇਆ : ਅਲੱਾਹ ਤਆਲਾ ਸ਼ਹੀਦ ਮਰਹੂਮ ਦੇ ਦਰਜਿਆਂ ਨੂੰ ਬੁਲੰਦ ਕਰੇ ਅਤੇ ਉਹਨਾਂ ਦੀ ਸੰਤਾਨ ਨੂੰ ਵੀ ਉਹਨਾਂ ਦੇ ਪਦਚਿੰਨ੍ਹਾ ਉਪੱਰ ਚਲਾਏ ਤੇ ਨੇਕੀਆਂ ਵਿੱਚ ਅੱਗੇ ਵਧਾਉਂਦਾ ਜਾਏ ਅਤੇ ਜਮਾਤ ਦੇ ਵਿਰੋਧੀਆਂ ਤੇ ਦੁਸ਼ਮਣਾ ਨੂੰ ਵੀ ਛੇਤੀ ਫੜਨ ਦੇ ਸਾਧਨ ਪੈਦਾ ਕਰੇ । ਆਮੀਨ ।

**KhulasaKhutbaJumma31.03.2017**
Delivered By : HadhratKhalifatulMasih Vth (atba)
Summarized by : MajlisAnsarullah Bharat
Tarnslated by : Shamshad Ahmad Eden, from Punjabi Desk
From :NazaratNashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131